# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਐਸ.ਐਸ.ਏ, ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ, ਈ. ਬਲਾਕ, ਪੰਜਵੀਂ ਮੰਜ਼ਿਲ, ਫੇਜ਼-8 ਅਜੀਤਗੜ੍ਹ
ਈ-ਮੇਲ: - aspdhr@gmail.com

---

ਵੱਲ

1. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ।
3. ਡਾਇਰੈਕਟਰ, ਐਸ.ਸੀ.ਈ.ਆਰ.ਟੀ, ਪੰਜਾਬ।
4. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
5. ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ/ਐ.ਸਿੱ), ਪੰਜਾਬ।

ਮੀਮੋ ਨੰ:- ਸਸਅ/2014/ਗ੍ਰੀਵੇਂਸ/( )/ 00888
ਮਿਤੀ:ਅਜੀਤਗੜ੍ਹ 15/7/14

**ਵਿਸ਼ਾ: ਸ਼ਿਕਾਇਤ ਨਿਵਾਰਨ ਸੈਲ ਸਬੰਧੀ।**

1. ਇਹ ਦੇਖਿਆ ਗਿਆ ਹੈ ਕਿ ਸਿੱਖਿਆ ਵਿਭਾਗ ਨਾਲ ਸਬੰਧਤ ਸਕੂਲ ਮੈਨੇਜਮੈਂਟ ਕਮੇਟਿਆਂ, ਪੰਚਾਇਤਾਂ ਅਤੇ ਆਮ ਜਨਤਾ ਲੋਕਾਂ ਵਲੋਂ ਕੀਤੀਆਂ ਸ਼ਿਕਾਇਤਾਂ ਸਿੱਖਿਆ ਵਿਭਾਗ ਦੇ ਸਰਕਾਰੀ ਦਫਤਰਾਂ ਵਿੱਚ ਕਿਸੇ ਕਾਰਨ ਲੰਬਿਤ ਪਇਆਂ ਰਹਿੰਦੀਆਂ ਹਨ, ਜਿਸ ਨੂੰ ਹੱਲ ਕਰਵਾਉਣ ਲਈ ਲੋਕ ਗਾਹੇ-ਬਿਗਾਹੇ ਦਫਤਰਾਂ ਦੇ ਗੇੜੇ ਮਾਰਦੇ ਰਹਿੰਦੇ ਹਨ। ਇਸ ਤਰਾਂ ਕਰਨ ਨਾਲ ਸ਼ਿਕਾਇਤ ਕਰਤਾ ਨੂੰ ਮਾਨਸਿਕ ਅਤੇ ਸ਼ਰੀਰਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

2. ਇਹ ਫੈਸਲਾ ਕੀਤਾ ਗਿਆ ਹੈ ਕਿ ਸੂਚਨਾ ਅਤੇ ਸੰਚਾਰ ਤਕਨੋਲੋਜੀ ਦੀ ਵਰਤੋਂ ਕਰਦੇ ਹੋਏ ਇਸ ਦਫਤਰ ਦੇ ਸ਼ਿਕਾਇਤ ਨਿਵਾਰਨ ਸੈਲ ਵਿੱਚ ਟੋਲ ਫ੍ਰੀ ਨੰਬਰ 18001372215 ਲਗਾਇਆ ਗਿਆ ਹੈ ਜਿਸ ਤੇ ਸਿਕਾਇਤ ਕਰਤਾ ਆਪਣੀ ਸਿਕਾਇਤ ਦਰਜ ਕਰਵਾ ਸਕਦਾ ਹੈ। ਇਸ ਤੋਂ ਇਲਾਵਾ ਸ਼ਿਕਾਇਤ ਕਰਤਾ ਆਪਣੀ ਸਿਕਾਇਤ www.ssapunjab.org 'ਤੇ public grievance ਲਿੰਕ ਰਾਹੀਂ ਵੀ ਦਰਜ਼ ਕਰਵਾ ਸਕਦਾ ਹੈ। ਇਸ ਲਿੰਕ ਤੇ ਦਿੱਤੀ ਜਾਣਕਾਰੀ ਨੂੰ ਇਸ ਦਫਤਰ ਵਿੱਚ ਛਾਣਬੀਨ ਕਰਨ ਉਪਰੰਤ ਸਬੰਧਤ ਦਫਤਰ ਨੂੰ ਭੇਜਿਆ ਜਾਵੇਗਾ।

3. ਉਕਤ ਨੂੰ ਮੁੱਖ ਰੱਖਦੇ ਹੋਏ ਆਪ ਨੂੰ ਲਿਖਿਆ ਜਾਂਦਾ ਹੈ ਕਿ ਸ਼ਿਕਾਇਤ ਕਰਤਾ ਵਲੋਂ ਕੀਤੀ ਸ਼ਿਕਾਇਤ ਆਪ ਨੂੰ ਇਸ ਦਫਤਰ ਵਲੋਂ ਆਨ ਲਾਈਨ ਭੇਜੀ ਜਾਵੇਗੀ, ਜਿਸ ਦਾ ਨਿਪਟਾਰਾ ਆਪ ਦੇ ਦਫਤਰ ਵਲੋਂ ਸਿਕਾਇਤ ਪ੍ਰਾਪਤ ਹੋਣ ਦੇ 15 ਦਿਨਾਂ ਦੇ ਅੰਦਰ-ਅੰਦਰ ਕਰਨਾ ਯਕੀਨੀ ਬਣਾਇਆ ਜਾਵੇ। ਇਸ ਮੰਤਵ ਲਈ User name ਅਤੇ Password ਜੋ ਕਿ ਆਪ ਵਲੋਂ ਪਹਿਲਾਂ ਆਨ ਲਾਈਨ ਗ੍ਰੀਵੇਂਸ ਲਈ ਵਰਤਿਆ ਜਾ ਰਹਿਆ ਹੈ ਉਹੀ ਰਹੇਗਾ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਪਿੱਠ ਅੰਕਣ ਨੰ: ਉਕਤ** **ਮਿਤੀ:**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਨਿੱਜੀ ਸਕੱਤਰ ਟੂ ਮਾਨਯੋਗ ਸਿੱਖਿਆ ਮੰਤਰੀ, ਪੰਜਾਬ ਚੰਡੀਗੜ੍ਹ।
2. ਨਿੱਜੀ ਸਕੱਤਰ ਟੂ ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**